**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

**ਵੱਲ**

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਪ੍ਰਿੰਸੀਪਲ ਇੰਨ ਸਰਵਿਸ ਟ੍ਰੇਨਿੰਗ ਸੈਂਟਰ
ਅਤੇ ਡਾਇਟ (ਮੋਗਾ,ਮਾਨਸਾ,ਮੁਕਤਸਰ,ਨਵਾਂਸ਼ਹਿਰ,ਫਤਿਹਗੜ੍ਹ ਸਾਹਿਬ )
ਪੰਜਾਬ।

**ਮੀਮੋ ਨੰ: ਏਐਸਪੀ.ਡੀ/ਟੀ.ਟੀ/**2010/028070-028106
**ਮਿਤੀ, ਚੰਡੀਗੜ੍ਹ** :04.03.2010

**ਵਿਸ਼ਾ:- ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਕੰਪਿਊਟਰ ਟ੍ਰੇਨਿੰਗ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ PAB ਵਿੱਚ ਦਸ ਰੋਜ਼ਾ ਮਹੀਨਾਵਾਰ ਮੀਟਿੰਗਜ਼ ਦੇ ਆਯੋਜਨ ਦੀ ਪ੍ਰਵਾਨਗੀ ਹੋਈ ਹੈ।ਇਸ ਦਾ ਮੰਤਵ ਅਧਿਆਪਕਾਂ ਦੇ ਗਿਆਨ ਵਿੱਚ ਵਾਧਾ ਕਰਨਾ ਹੈ।

2.0 ਪੰਜਾਬ ਰਾਜ ਦੇ ਅਧਿਆਪਕਾਂ ਦੀ ਹਮੇਸ਼ਾ ਤੋਂ ਮੰਗ ਰਹੀ ਹੈ ਕਿ ਉਹਨਾਂ ਨੂੰ ਕੰਪਿਊਟਰ ਬਾਰੇ ਵੱਧ ਤੋਂ ਵੱਧ ਜਾਣਕਾਰੀ ਮੁੱਹਈਆ ਕਰਵਾਈ ਜਾਵੇ।ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਰਚ ਮਹੀਨੇ ਵਿੱਚ ਅਧਿਆਪਕਾ ਦੀ ਕੰਪਿਊਟਰ ਟ੍ਰੇਨਿੰਗ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਦੀ ਵਿਸਤਾਰਸਹਿਤ ਰੂਪਰੇਖਾ ਹੇਠ ਲਿਖੇ ਅਨੁਸਾਰ ਹੈ:-

- **ਟ੍ਰੇਨਿੰਗ ਵਿੱਚ ਭਾਗ ਲੈਣ ਵਾਲੇ ਅਧਿਆਪਕ**:- ਸਮੂਹ ਸਰਕਾਰੀ ਮਿਡਲ ਸਕੂਲ ,ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੜ੍ਹਾ ਰਹੇ ਅੱਪਰ ਪ੍ਰਾਇਮਰੀ ਅਧਿਆਪਕਾਂ ਨੂੰ ਇਹ ਟ੍ਰੇਨਿੰਗ ਕਰਵਾਈ ਜਾਵੇਗੀ ।ਇਸ ਟ੍ਰੇਨਿੰਗ ਵਿੱਚ ਹਰ ਵਿਸ਼ੇ ਦੇ ਅਧਿਆਪਕ ਭਾਗ ਲੈਣਗੇ।
- **ਟ੍ਰੇਨਿੰਗ ਕਿੰਨ੍ਹਾ ਦੁਆਰਾ ਦਿੱਤੀ ਜਾਵੇਗੀ**:- ਇਹ ਟ੍ਰੇਨਿੰਗ ਸਕੂਲ ਵਿੱਚ ਕੰਮ ਕਰ ਰਹੇ ਕੰਪਿਊਟਰ ਟੀਚਰ ਦੁਆਰਾ ਕਰਵਾਈ ਜਾਵੇਗੀ ਅਤੇ ਉਸ ਦੀ ਪ੍ਰੀਖਿਆ ਵਿੱਚ ਡਿਊਟੀ ਨਾ ਲਗਾਈ ਜਾਵੇ।ਕੰਪਿਊਟਰ ਅਧਿਆਪਕ ਟ੍ਰੇਨਿੰਗ ਲੈਣ ਵਾਲੇ ਅਧਿਆਪਕਾਂ ਦਾ Pre test ਅਤੇ Post test, ਜੋ ਕਿ ਪ੍ਰੈਕਟੀਕਲ ਤੇ ਅਧਾਰਿਤ ਹੋਵੇ, ਲਵੇਗਾ ਅਤੇ ਉਸ ਦਾ ਰਿਕਾਰਡ ਰਜਿਸਟਰ ਵਿੱਚ ਰੱਖੇਗਾ।
- **ਟ੍ਰੇਨਿੰਗ ਵਿੱਚ ਕਵਰ ਕੀਤੇ ਜਾਣ ਵਾਲੇ Topics**:-

- Basic Knowledge of Computer
- Use of Window
- Use of MS Word
- Power Point Presentation
- Use of Internet
- Use of E-mail
- Use of you tube (subject related animation)

- **ਟ੍ਰੇਨਿੰਗ ਦਾ ਸਥਾਨ** :- ਸਾਰੇ ਅਧਿਆਪਕਾਂ ਨੂੰ ਟ੍ਰੇਨਿੰਗ ਉਹਨਾਂ ਦੇ ਆਪਣੇ ਸਕੂਲ ਵਿੱਚ ਹੀ ਕੰਪਿਊਟਰ

ਟੀਚਰ ਦੁਆਰਾ ਕਰਵਾਈ ਜਾਵੇਗੀ।ਜੇਕਰ ਕਿਸੇ ਸਕੂਲ ਵਿੱਚ ਕੰਪਿਊਟਰ ਟੀਚਰ ਜਾਂ ਕੰਪਿਊਟਰ ਲੈਬ ਦਾ ਪ੍ਰਬੰਧ ਨਹੀਂ ਹੈ ਤਾਂ ਇਹ ਟ੍ਰੇਨਿੰਗ ਕਿਸੇ ਨੇੜਲੇ ਸਰਕਾਰੀ ਸਕੂਲ ਜਿਥੇ ਕੰਪਿਊਟਰ ਟੀਚਰ /ਕੰਪਿਊਟਰ ਲੈਬ ਦਾ ਉਚਿਤ ਪ੍ਰਬੰਧ ਹੋਵੇ ਉਥੇ ਕਰਵਾਈ ਜਾਵੇਗੀ।

- **ਟ੍ਰੇਨਿੰਗ ਦਾ ਸਮਾਂ:-** ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਸਲਾਨਾਂ ਪ੍ਰੀਖਿਆਵਾ ਚੱਲ ਰਹੀਆਂ ਹਨ ਜਿਸ ਦਾ ਸਮਾਂ ਆਮ ਤੌਰ ਤੇ ਸਵੇਰੇ ਹੁੰਦਾ ਹੈ ।ਇਸ ਤੋਂ ਬਾਅਦ ਭਾਵ ਦੁਪਹਿਰ 1.20 ਵਜੇ ਤੋਂ 3.20 ਵਜੇ ਤੱਕ ਦਾ ਸਮਾਂ ਕੰਪਿਊਟਰ ਟ੍ਰੇਨਿੰਗ ਲਈ ਰੱਖਿਆ ਗਿਆ ਹੈ ।

ਵਰਣਨਯੋਗ ਹੈ ਕਿ ਕੁੱਝ ਅਧਿਆਪਕਾਂ ਦੀਆਂ ਡਿਊਟੀਆਂ ਬੋਰਡ ਪ੍ਰੀਖਿਆਵਾ ਵਿੱਚ ਲੱਗੀਆਂ ਹਨ ।ਇਹ ਅਧਿਆਪਕ ਆਪਣੇ ਡਿਊਟੀ ਵਾਲੇ ਸਕੂਲ ਵਿੱਚ ਹੀ ਇਮਤਿਹਾਨ ਖਤਮ ਹੋਣ ਤੋਂ ਬਾਅਦ ਦੁਪਹਿਰ 1.20 ਵਜੇ ਤੋਂ 3.20 ਵਜੇ ਤੱਕ ਕੰਪਿਊਟਰ ਟ੍ਰੇਨਿੰਗ ਪ੍ਰਾਪਤ ਕਰਨਗੇ ਅਤੇ ਆਪਣੀ ਹਾਜਰੀ ਦਾ ਇੰਦਰਾਜ ਡਿਊਟੀ ਵਾਲੇ ਸਕੂਲ ਦੇ ਮੁੱਖੀ ਤੋਂ ਕਰਵਾਉਣਗੇ।ਜਿੰਨ੍ਹਾਂ ਅਧਿਆਪਕਾਂ ਦੀ ਡਿਊਟੀ ਬਾਰਵੀ ਜਮਾਤ ਦੀ ਪ੍ਰੀਖਿਆ ਵਿੱਚ ਲੱਗੀ ਹੈ ਭਾਵ 2.00 ਵਜੇ ਤੋਂ ਸ਼ਾਮ 5.00 ਵਜੇ ਤੱਕ ਉਹ ਇਹ ਕੰਪਿਊਟਰ ਟ੍ਰੇਨਿੰਗ ਆਪਣੇ ਡਿਊਟੀ ਵਾਲੇ ਸਕੂਲ ਵਿੱਚ ਸਵੇਰੇ 11.00 ਵਜੇ ਤੋਂ 1.00 ਵਜੇ ਤੱਕ ਪ੍ਰਾਪਤ ਕਰਨਗੇ।ਪ੍ਰਾਈਵੇਟ ਸਕੂਲਾਂ ਵਿੱਚ ਡਿਊਟੀ ਦੇਣ ਵਾਲੇ ਅਧਿਆਪਕ ਆਪਣੀ ਡਿਊਟੀ ਉਪਰੰਤ ਨੇੜਲੇ ਸਰਕਾਰੀ ਸਕੂਲ ਵਿੱਚ ਜਿਥੇ ਕੰਪਿਊਟਰ ਟੀਚਰ/ਕੰਪਿਊਟਰ ਲੈਬ ਦਾ ਉਚਿਤ ਪ੍ਰਬੰਧ ਹੋਵੇ ਇਹ ਟ੍ਰੇਨਿੰਗ ਪ੍ਰਾਪਤ ਕਰਨਗੇ ।

ਜੇਕਰ ਕਿਸੇ ਅਧਿਆਪਕ ਦੀ ਡਿਊਟੀ ਡਬਲ ਸ਼ਿਫਟ ਦੀ ਲੱਗੀ ਹੈ ਤਾਂ ਕੇਵਲ ਉਸ ਅਧਿਆਪਕ ਨੂੰ ਹੀ ਇਸ ਟ੍ਰੇਨਿੰਗ ਤੋਂ ਛੋਟ ਦਿੱਤੀ ਜਾਵੇਗੀ।ਮਾਰਚ 2010 ਵਿੱਚ ਇੰਡਕਸ਼ਨ ਟ੍ਰੇਨਿੰਗ ਲੈਣ ਵਾਲੇ ਅਧਿਆਪਕਾਂ ਨੂੰ ਵੀ ਇਸ ਟ੍ਰੇਨਿੰਗ ਤੋਂ ਛੋਟ ਦਿੱਤੀ ਜਾਵੇਗੀ।

- **ਟ੍ਰੇਨਿੰਗ ਦੀਆਂ ਮਿਤੀਆਂ :-** ਅਧਿਆਪਕ ਦੀ ਸਹੂਲੀਅਤ ਨੂੰ ਮੱਦੇਨਜ਼ਰ ਰੱਖਦੇ ਹੋਏ ਇਹ ਟ੍ਰੇਨਿੰਗ 8 ਮਾਰਚ 2010 ਤੋਂ ਸ਼ੁਰੂ ਕਰਦੇ ਹੋਏ 25 ਮਾਰਚ 2010 ਤੱਕ ਚੱਲੇਗੀ ਅਤੇ ਇਸ ਸਮੇਂ ਦੌਰਾਨ ਹਰ ਅਧਿਆਪਕ ਦੇ (ਦੱਸ ਦਿਨਾਂ ਦੀ ਦੋ ਘੰਟੇ ਦੀ ਟ੍ਰੇਨਿੰਗ ਅਨੁਸਾਰ) ਪੰਜ ਟ੍ਰੇਨਿੰਗ ਦਿਨ ਪੂਰੇ ਹੋ ਜਾਣਗੇ
- **ਟ੍ਰੇਨਿੰਗ ਦੇ ਦਿਨਾਂ ਦੀ Calculation** :- ਹਰ ਅਧਿਆਪਕ ਲਈ ਦੋ ਘੰਟੇ ਦੀ ਟ੍ਰੇਨਿੰਗ ਪ੍ਰਤੀ ਦਿਨ ਹੋਵੇਗੀ ਅਤੇ ਦਸ ਦਿਨਾਂ ਦੀ ਟ੍ਰੇਨਿੰਗ ਪ੍ਰਾਪਤ ਕਰਨ ਉਪਰੰਤ ਪੰਜ ਟ੍ਰੇਨਿੰਗ ਦਿਨ ਗਿਣੇ ਜਾਣਗੇ।ਹਰ ਕੰਪਿਊਟਰ ਟੀਚਰ, ਟ੍ਰੇਨਿੰਗ ਲੈਣ ਵਾਲੇ ਅਧਿਆਪਕਾਂ ਦੀ ਹਾਜ਼ਰੀ ਇੱਕ ਰਜਿਸਟਰ ਵਿੱਚ

ਲਗਵਾਏਗਾ ਜਿਸ ਵਿੰਚ ਲੈਬ ਵਿੱਚ ਆਉਣ ਦਾ ਸਮਾਂ ਅਤੇ ਲੈਬ ਛੱਡਣ ਦਾ ਸਮਾਂ ਅੰਕਿਤ ਕੀਤਾ ਜਾਵੇਗਾ।

**<u>ਟ੍ਰੇਨਿੰਗ ਤੇ ਆਉਣ ਵਾਲਾ ਖਰਚਾ</u>:** – ਟ੍ਰੇਨਿੰਗ ਤੇ ਆਉਣ ਵਾਲਾ ਖਰਚਾ ਮਹੀਨਾਵਾਰ ਮੀਟਿੰਗਜ਼ ਦੇ ਨਿਯਮਾ ਅਧੀਨ 50 ਰੁ: ਪ੍ਰਤੀ ਟ੍ਰੇਨਿੰਗ ਦਿਨ ਦੇ ਹਿਸਾਬ ਨਾਲ ਕੀਤਾ ਜਾਵੇਗਾ। ਇਸ 50 ਰੁ:/– ਵਿੱਚੋ

**ੳ)** 30 ਰੁ:/– ਪ੍ਰਤੀ ਟ੍ਰੇਨਿੰਗ ਪ੍ਰਤੀ ਟ੍ਰੇਨਿੰਗ ਦਿਨ ਪ੍ਰਤੀ ਅਧਿਆਪਕ ਦੇ ਹਿਸਾਬ ਨਾਲ ਕੰਪਿਊਟਰ ਫਕੈਲਟੀ ਨੂੰ ਅਦਾ ਕੀਤੇ **ਜਾਣਗੇ**।

**ਅ)** 15 ਰੁ: ਪ੍ਰਤੀ ਅਧਿਆਪਕ ਪ੍ਰਤੀ ਟ੍ਰੇਨਿੰਗ ਦਿਨ ਦੇ ਹਿਸਾਬ ਨਾਲ ਅਧਿਆਪਕ ਨੂੰ ਦਿੱਤੇ **ਜਾਣਗੇ**।

**ੲ)** ਬਾਕੀ 5 ਰੁ:/ ਪ੍ਰਤੀ ਅਧਿਆਪਕ ਪ੍ਰਤੀ ਟ੍ਰੇਨਿੰਗ ਦਿਨ GISTCs/DIETs ਦੀ ਮੋਨੀਟਰਿੰਗ ਅਤੇ ਫੁਟਕਲ ਖਰਚੇ ਲਈ ।

ਇਹ ਖਰਚਾ GISTC/DIET ਦੇ ਪ੍ਰਿੰਸੀਪਲ ਦੁਆਰਾ ਟੀਚਰ ਟ੍ਰੇਨਿੰਗ ਫੰਡ ਵਿਚੋ ਕੀਤਾ ਜਾਵੇਗਾ ।ਪ੍ਰਿੰਸੀਪਲ GISTC/DIET ਇਹ ਸੁਨਿਸ਼ਚਿਤ ਕਰੇਗਾ ਕਿ ਉਸ ਕੋਲ ਸਾਰੇ ਅਧਿਆਪਕਾਂ ਦੀ ਹਾਜ਼ਰੀ ਰਿਪੋਰਟ ਅਤੇ ਅਧਿਆਪਕਾਂ ਦੀ ਟ੍ਰੇਨਿੰਗ ਪ੍ਰਤੀ ਸਕੂਲ ਮੁੱਖੀ ਵਲੋ ਸਰਟੀਫਿਕੇਟ ਪਹੁੰਚ ਗਿਆ ਹੈ ਅਤੇ ਉਸ ਦੇ ਆਧਾਰ ਤੇ ਪ੍ਰਿੰਸੀਪਲ GISTC/DIET ਦੁਆਰਾ ਹਰ ਅਧਿਆਪਕ ਅਤੇ ਕੰਪਿਊਟਰ ਫਕੈਲਟੀ ਨੂੰ ਰਾਸ਼ੀ ਮੁਹੱਈਆ ਕਰਵਾਉਣਗੇ।ਇਹ ਰਾਸ਼ੀ 28 ਮਾਰਚ 2010 ਤੱਕ ਹਰ ਅਧਿਆਪਕ /ਕੰਪਿਊਟਰ ਫਕੈਲਟੀ ਤੱਕ ਪਹੁੰਚ ਜਾਵੇ।ਟ੍ਰੇਨਿੰਗ ਲੈਣ ਵਾਲੇ ਅਧਿਆਪਕਾਂ ਦੀ ਹਾਜ਼ਰੀ, ਜਿਥੇ ਅਧਿਆਪਕ ਨੇ ਟ੍ਰੇਨਿੰਗ ਲਈ ਹੈ, ਉਸ ਸਕੂਲ ਮੁੱਖੀ ਦੁਆਰਾ ਮਿਤੀ:26.03.10 ਨੂੰ ਸਵੇਰੇ 10 ਵਜੇ ਤੱਕ GISTC/DIET ਨੂੰ ਪੁੱਜਦਾ ਕਰ ਦਿੱਤੀ ਜਾਵੇਗੀ ਤਾਂ ਜੋ ਉਹਨਾਂ ਦੁਆਰਾ ਅਧਿਆਪਕ /ਕੰਪਿਊਟਰ ਟੀਚਰ ਨੂੰ ਸਮੇਂ ਸਿਰ ਰਾਸ਼ੀ ਮੁੱਹਈਆ ਕਰਵਾਈ ਜਾ ਸਕੇ। ਅਜਿਹਾ ਨਾ ਕਰਨ ਤੇ ਸਾਰੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ।

3.0 ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**ਪਿਠ ਅੰਕਣ ਨੰ:ਐਸਪੀਡੀ/ਟੀ.ਟੀ/**2010/028107 **ਮਿਤੀ:**04.03.10

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਰਾਜ ਦੇ ਸਮੂਹ ਸਕੂਲ ਮੁੱਖੀ (Web Site ਰਾਹੀ)
2. DM (MIS) ਨੂੰ Web site ਤੇ ਪਾਉਣ ਲਈ

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**